# ਹਰ ਕਿਸੇ ਲਈ ਸਿਹਤ ਬੀਮਾ ਖੋਲਹ੍ਣਾ!

## ਨਵਾਂ! ਬਿਨਾ-ਦਸਤਾਵੇਜ਼ ਵਾਲੇ ਅਪਰ੍ਵਾਸੀਆਂ ਲਈ ਸਿਹਤ ਬੀਮਾ ਖਰੀਦਣਾ ਹੁਣ ਸੌਖਾ ਹੋ ਗਿਆ ਹੈ।

ਇਸ ਨਵੰਬਰ ਤੋਂ, ਹਰ ਵਿਅਕਤੀ ਜੋ ਵਾਸ਼ਿੰਗਟਨ ਸਟੇਟ ਵਿੱਚ ਰਹਿੰਦਾ ਹੈ, ਉਸਦੀ ਇਮੀਗਰੇਸ਼ਨ ਸਥਿਤੀ ਦੀ ਪਰਵਾਹ ਕੀਤੇ ਬਗੈਰ, *Washington Healthplanfinder* ਦੇ ਰਾਹੀ ਉਸਦੇ ਕੋਲ ਸਿਹਤ ਅਤੇ ਦੰਦਾਂ ਦਾ ਬੀਮਾ ਖਰੀਦਣ ਦੀ ਯੋਗਤਾ ਹੋਵੇਗੀ।

## 1 ਨਵੰਬਰ, 2023 ਤੋਂ ਹਰ ਕੋਈ ਸਾਈਨ ਅੱਪ ਕਰ ਸਕਦਾ ਹੈ

1 ਜਨਵਰੀ, 2024 ਤੋਂ ਸ਼ੁਰੂ ਹੋਣ ਵਾਲੇ ਸਿਹਤ ਕਵਰੇਜ ਲਈ 15 ਦਸੰਬਰ ਤੱਕ ਸਾਈਨ ਅੱਪ ਕਰੋ। ਖੁੱਲਹ੍ੀ ਰਜਿਸਟਰੇਸ਼ਨ 15 ਜਨਵਰੀ, 2024 ਨੂੰ ਸਮਾਪਤ ਹੋਵੇਗੀ।

## ਆਪਣੇ ਮਹੀਨਾਵਾਰ ਬੀਮੇ ਦੇ ਭੁਗਤਾਨ ਲਈ ਮਦਦ ਪਰ੍ਾਪਤ ਕਰੋ

ਘੱਟ ਆਮਦਨੀ ਵਾਲੇ ਲੋਕਾਂ ਲਈ ਛੋਟ

ਤੁਸੀ Cascade Care Savings ਲਈ ਯੋਗ ਹੋ ਸਕਦੇ ਹੋ, ਜਿਸਦਾ ਭਾਵ ਹੈ ਕਿ ਵਾਸ਼ਿੰਗਟਨ ਸਟੇਟ ਤੁਹਾਡੇ ਸਿਹਤ ਬੀਮੇ ਦੇ ਹਿੱਸੇ ਦਾ ਭੁਗਤਾਨ ਕਰੇਗਾ। ਜੇਕਰ ਤੁਹਾਡੀ ਘਰੇਲੂ ਆਮਦਨ ਹੇਠਾਂ ਦਿੱਤੀ ਰੇਂਜ ਦੇ ਅੰਦਰ ਹੈ, ਤਾਂ ਤੁਸੀ ਯੋਗ ਹੋ ਸਕਦੇ ਹੋ।

| | | | | | |
|---|---|---|---|---|---|
| $36,450 | $49,300 | $62,150 | $75,000 | $87,850 | $100,700 |
| ਇਕੱਲਾ ਵਿਅਕਤੀ | 2 ਦਾ ਪਰਿਵਾਰ | 3 ਦਾ ਪਰਿਵਾਰ | 4 ਦਾ ਪਰਿਵਾਰ | 5 ਦਾ ਪਰਿਵਾਰ | 6 ਦਾ ਪਰਿਵਾਰ |

## ਤੁਹਾਡੀ ਸੁਰੱਖਿਆ ਸਾਡੇ ਲਈ ਮਾਇਨੇ ਰੱਖਦੀ ਹੈ।

- ਰਜਿਸਟਰੇਸ਼ਨ ਤੁਹਾਡੇ, ਤੁਹਾਡੇ ਪਰਿਵਾਰ, ਜਾਂ ਤੁਹਾਡੇ ਨਾਲ ਰਹਿਣ ਵਾਲੇ ਕਿਸੇ ਵੀ ਵਿਅਕਤੀ ਦੀ ਇਮੀਗਰੇਸ਼ਨ ਸਥਿਤੀ ਜਾਂ ਨਾਗਰਿਕਤਾ ਸਬੰਧੀ ਅਪਲਿਕੇਸ਼ਨਾਂ 'ਤੇ ਅਸਰ ਨਹੀ ਪਾਉਂਦਾ ਹੈ।
- ਫੈਡਰਲ ਅਤੇ ਸਟੇਟ ਦੇ ਕਾਨੂੰਨ ਉਹਨਾਂ ਲੋਕਾਂ ਦੀ ਗੋਪਨੀਯਤਾ ਦੀ ਰੱਖਿਆ ਕਰਦੇ ਹਨ ਜੋ *Washington Healthplanfinder* ਦੇ ਰਾਹੀ ਸਿਹਤ ਬੀਮਾ ਵਾਸਤੇ ਅਪਲਾਈ ਕਰਦੇ ਹਨ। ਇਮੀਗਰੇਸ਼ਨ ਸਥਿਤੀ ਬਾਰੇ ਜਾਣਕਾਰੀ ਦੀ ਵਰਤੋਂ ਸਿਰਫ਼ ਕਵਰੇਜ ਲਈ ਯੋਗਤਾ ਨਿਰਧਾਰਤ ਕਰਨ ਵਾਸਤੇ ਕੀਤੀ ਜਾਵੇਗੀ ਅਤੇ ਇਮੀਗਰੇਸ਼ਨ ਲਾਗੂ ਕਰਨ ਵਾਸਤੇ ਨਹੀ ਕੀਤੀ ਜਾਵੇਗੀ।

## ਕੀ ਤੁਹਾਨੂੰ ਮਦਦ ਦੀ ਲੋੜ ਹੈ? ਰਜਿਸਟਰੇਸ਼ਨ ਦੇ ਨਾਲ ਮੁਫ਼ਤ ਸਹਾਇਤਾ ਪਰ੍ਾਪਤ ਕਰਨ ਦੇ 3 ਤਰੀਕੇ

### ਕਾੱਲ ਕਰੋ

ਗਾਹਕ ਸਹਾਇਤਾ ਸੈਂਟਰ

**ਟੋਲ ਫਰ੍ੀ: 1-855-923-4633**

**TTY/TDD: 1-855-627-9604**

*ਘੰਟੇ: ਸਵੇਰੇ 7:30 ਵਜੇ ਤੋਂ ਸ਼ਾਮ 5:30 ਵਜੇ ਤਕ*
*ਮਦਦ 200 ਤੋਂ ਵੱਧ ਭਾਸ਼ਾਵਾਂ ਵਿੱਚ ਉਪਲਬਧ ਹੈ।*

### ਵਿਜ਼ਿਟ ਕਰੋ

ਸਾਡੀ ਵੈਬਸਾਈਟ

**wahealthplanfinder.org**

*ਜਾਂ ਆਪਣੇ ਕੈਮਰੇ ਦੇ ਨਾਲ QR ਕੋਡ ਨੂੰ ਸਕੈਨ ਕਰੋ*

### ਜੁੜੋ

ਕਿਸੇ ਸਥਾਨਕ ਪੇਸ਼ੇਵਰ ਨਾਲ*

*ਰਜਿਸਟਰੇਸ਼ਨ ਲਈ ਮੇਰੇ ਨਾਲ 1 ਨਵੰਬਰ ਨੂੰ ਸੰਪਰਕ ਕਰੋ!*

**ਨੇਵੀਗੇਟਰ ਅਤੇ ਬਰੋਕਰ ਉਪਲਬਧ ਵਿੱਤੀ ਮਦਦ ਨੂੰ ਸਮਝਣ, ਸਿਹਤ ਬੀਮੇ ਬਾਰੇ ਸਵਾਲਾਂ ਦੇ ਜਵਾਬ ਦੇਣ, ਅਤੇ ਯੋਜਨਾਵਾਂ ਨੂੰ ਖਰੀਦਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਜੇਕਰ ਤੁਸੀ ਨਹੀਂ ਜਾਣਦੇ ਕਿ ਕੋਈ ਤੁਹਾਡੀ ਸਹਾਇਤਾ ਲਈ ਪਰ੍ਮਾਣਿਤ ਹੈ ਜਾਂ ਨਹੀਂ, ਤਾਂ Washington Healthplanfinder ਦੇ ਗਾਹਕ ਸਹਾਇਤਾ ਸੈਂਟਰ ਨੂੰ 1-855-923-4633 'ਤੇ ਕਾੱਲ ਕਰੋ।*

washington healthplanfinder
click. compare. covered.